***ਪ੍ਰੈਸ ਨੋਟ***
***(ਫਿਰੋਜ਼ਪੁਰ ਪੁਲਿਸ)***

ਜਿਲ੍ਹਾ ਪੁਲਿਸ ਫਿਰੋਜਪੁਰ ਵੱਲੋਂ ਐਨ.ਡੀ.ਪੀ.ਐਸ ਐਕਟ 1985 ਤਹਿਤ ਪਾਬੰਦੀ ਸ਼ੁਦਾ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਕਰਕੇ ਚਰਨਜੀਤ ਕੌਰ ਪੁੱਤਰੀ ਬਖਸ਼ੀਸ਼ ਸਿੰਘ ਵਾਸੀ ਪਿੰਡ ਖੰਨਾ ਤਹਿ ਜੀਰਾ, ਥਾਣਾ ਮੱਖੂ ਜਿਲ੍ਹਾ ਫਿਰੋਜ਼ਪੁਰ ਦੀ **22,57,946/- ਰੁਪਏ ਦੀ** ਬਣਾਈ ਗਈ ਗੈਰ ਕਾਨੂੰਨੀ ਜਾਇਦਾਦ ਅ/ਧ 68-ਐਫ(2) ਐਨ.ਡੀ.ਪੀ.ਐਸ. ਐਕਟ 1985 **ਤਹਿਤ ਫਰੀਜ਼ ਕਰਵਾਈ ਗਈ ਹੈ**, **10 ਨਸ਼ਾ ਤਸਕਰਾਂ** ਦੀ ਗੈਰ ਕਾਨੂੰਨੀ ਜਾਇਦਾਦ ਦੇ ਫਰੀਜਿੰਗ ਆਰਡਰ ਅ/ਧ 68-ਐਫ ਐਨ.ਡੀ.ਪੀ.ਐਸ. ਐਕਟ 1985 ਤਹਿਤ ਤਿਆਰ ਕਰਕੇ ਕੰਪੀਟੈਂਟ ਅਥਾਰਿਟੀ ਨਵੀ ਦਿੱਲੀ ਪਾਸ ਭੇਜੇ ਜਾ ਚੁੱਕੇ ਹਨ, ਨਸ਼ਿਆ ਵਿਰੁੱਧ ਕਾਰਵਾਈ ਕਰਦੇ ਹੋਏ **15 ਹੋਰ ਨਸ਼ਾ ਤਸਕਰਾ** ਦੀ ਪ੍ਰਾਪਰਟੀ ਅਟੈਚ ਕਰਵਾਉਣ ਸਬੰਧੀ ਜਾਬਤੇ ਅਨੁਸਾਰ ਕਾਰਵਾਈ ਕੀਤੀ ਜਾ ਰਹੀ ਹੈ।

**ਜਿਲ੍ਹਾ ਪੁਲਿਸ ਫਿਰੋਜ਼ਪੁਰ ਵੱਲੋ** ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਜਾਬ ਸਰਕਾਰ ਅਤੇ ਮਾਨਯੋਗ ਡੀ.ਜੀ.ਪੀ. ਪੰਜਾਬ ਜੀ ਦੇ ਦਿਸ਼ਾਂ ਨਿਰਦੇਸ਼ਾ ਅਨੁਸਾਰ ਐਨ.ਡੀ.ਪੀ.ਐਸ ਐਕਟ 1985 ਤਹਿਤ ਪਾਬੰਦੀਸ਼ੁਦਾ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆ ਪਰ ਪੂਰੀ ਤਰਾਂ ਠੱਲ ਪਾਉਣ ਲਈ ਹਰ ਸੰਭਵ ਕੋਸ਼ਿਸ ਕੀਤੀ ਜਾ ਰਹੀ ਹੈ। ਇਸ ਮੁਹਿਮ ਤਹਿਤ ਜਿਲ੍ਹਾ ਪੁਲਿਸ ਦੁਆਰਾ ਜਿਲ੍ਹਾ ਦੇ ਸਮੂਹ ਗਜਟਿਡ ਅਧਿਕਾਰੀਆ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆਂ ਗਈਆਂ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆਂ ਹਨ।

ਇਸ ਮੁਹਿੰਮ ਤਹਿਤ ਸ਼੍ਰੀ ਰਣਧੀਰ ਕੁਮਾਰ, ਆਈ.ਪੀ.ਐਸ, ਕਪਤਾਨ ਪੁਲਿਸ (ਇੰਨ:) ਫਿਰੋਜਪੁਰ, ਦੀ ਨਿਗਰਾਨੀ ਹੇਠ ਕੰਮ ਕਰ ਰਹੀ ਪੁਲਿਸ ਟੀਮਾਂ ਵੱਲੋਂ ਚਰਨਜੀਤ ਕੌਰ ਉਕਤ ਤੋਂ 1020 intoxicant Tablets ਬਰਾਮਦ ਹੋਣ ਤੇ ਇਸ ਦੇ ਖਿਲਾਫ **ਮੁਕੱਦਮਾ ਨੰ. 65** ਮਿਤੀ 30.08.2021 ਅ/ਧ 22/61/85 ਐਨ.ਡੀ.ਪੀ.ਐਸ ਐਕਟ ਥਾਣਾ ਫਤਿਹਗੜ੍ਹ ਪੰਜਤੂਰ, ਜਿਲ੍ਹਾ ਮੋਗਾ ਵਿੱਚ ਦਰਜ ਰਜਿਸਟਰ ਹੋਇਆਂ ਸੀ। ਮਾਨਯੋਗ ਅਦਾਲਤ ਸ਼੍ਰੀ ਵਿਕਰਾਤ ਕੁਮਾਰ ਸਪੈਸ਼ਲ ਜੱਜ ਸਪੈਸ਼ਲ ਕੋਰਟ ਮੋਗਾ ਵੱਲੋਂ ਉਕਤ ਮੁਕੱਦਮਾ ਵਿੱਚ ਚਰਨਜੀਤ ਕੌਰ ਨੂੰ 10 ਸਾਲ ਦੀ ਸਜਾ ਅਤੇ 01 ਲੱਖ ਰੁਪਏ ਜੁਰਮਾਨਾ ਕੀਤਾ ਗਿਆ। ਚਰਨਜੀਤ ਕੌਰ ਉਕਤ ਦਾ 3.5 ਮਰਲੇ ਦਾ ਮਕਾਨ ਪਿੰਡ ਖੰਨਾ ਵਿਖੇ ਜਿਸ ਦੀ ਕੀਮਤ **10,50,000/-** ਰੁਪਏ, ਸੋਮਾ ਪਤਨੀ ਬਖਸ਼ੀਸ਼ ਸਿੰਘ ਦੇ ਪੰਜਾਬ ਨੈਸ਼ਨਲ ਬੈਂਕ ਵਿੱਚ 7,47,232/- ਰੁਪਏ ਸੀ, ਗੁਰਚਰਨ ਸਿੰਘ ਪੁੱਤਰ ਬਖਸ਼ੀਸ਼ ਸਿੰਘ ਦੇ ਪੰਜਾਬ ਨੈਸ਼ਨਲ ਬੈਂਕ ਬੈਂਕ ਅਕਾਉਂਟ ਵਿੱਚ 4,60,714/- ਰੁਪਏ ਸੀ। ਇਸ ਤਰਾਂ **ਇਸ ਕੁੱਲ ਜਾਇਦਾਦ 22,57,946/-** ਰੁਪਏ ਗੈਰ ਕਾਨੂੰਨੀ ਜਾਇਦਾਦ ਨੂੰ ਅ/ਧ 68-ਐਫ(2) ਐਨ.ਡੀ.ਪੀ.ਐਸ. ਐਕਟ 1985 ਤਹਿਤ ਫਰੀਜ਼ ਕਰਵਾਇਆ ਗਿਆ ਹੈ, ਇਹਨਾਂ ਹੁਕਮਾ ਤਹਿਤ **ਅੱਜ ਹਲਕਾ ਡੀ.ਐੱਸ.ਪੀ ਜੀਰਾ ਫਿਰੋਜ਼ਪੁਰ, ਮੁੱਖ ਅਫਸਰ** ਥਾਣਾ **ਮੱਖੂ ਵੱਲੋਂ ਫਰੀਜਿੰਗ ਦੇ ਆਰਡਰਾਂ ਨੂੰ ਚਰਨਜੀਤ ਕੌਰ ਉਕਤ ਦੇ ਘਰ ਦੇ ਬਾਹਰ ਚਿਪਕਾਇਆ ਗਿਆ ਹੈ।**

**ਇਸ ਤਰਾਂ ਸਾਲ 2023 ਦੌਰਾਨ ਨਸ਼ਾ ਤਸਕਰਾ ਵੱਲੋਂ** ਐਨ.ਡੀ.ਪੀ.ਐਸ ਐਕਟ 1985 ਤਹਿਤ ਪਾਬੰਦੀਸ਼ੁਦਾ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਕਰਕੇ **ਨਜਾਇਜ ਸਾਧਨਾਂ ਰਾਹੀ ਬਣਾਈ** ਗਈ **20 ਕੇਸਾਂ ਦੀ ਕੁੱਲ 9,65,80,272/- ਰੁਪਏ ਦੀ** ਗੈਰ ਕਾਨੂੰਨੀ ਜਾਇਦਾਦ **ਨੂੰ ਫਰੀਜ਼ ਕਰਵਾਈ ਜਾ ਚੁੱਕੀ ਹੈ।** ਜਿਸ ਕਰਕੇ ਸਬੰਧਿਤ ਨਸ਼ਾ ਤਸਕਰ ਹੁਣ ਇਸ ਗੈਰ-ਕਾਨੂੰਨੀ ਜਾਇਦਾਦ ਨੂੰ ਕਿਸੇ ਵੀ ਵਿਅਕਤੀ ਨੂੰ ਵੇਚ/ਟਰਾਂਸਫਰ ਨਹੀ ਕਰ ਸਕਦੇ।

**10 ਨਸ਼ਾ ਤਸਕਰਾਂ** ਦੀ ਗੈਰ ਕਾਨੂੰਨੀ ਜਾਇਦਾਦ ਦੇ ਫਰੀਜਿੰਗ ਆਰਡਰ ਅ/ਧ 68-ਐਫ ਐਨ.ਡੀ.ਪੀ.ਐਸ. ਐਕਟ 1985 ਤਹਿਤ ਤਿਆਰ ਕਰਕੇ ਕੰਪੀਟੈਂਟ ਅਥਾਰਿਟੀ ਨਵੀ ਦਿੱਲੀ ਪਾਸ ਭੇਜੇ ਜਾ ਚੁੱਕੇ ਹਨ।

ਇਸ ਤੋਂ ਇਲਾਵਾ ਨਸ਼ਿਆ ਵਿਰੁੱਧ ਕਾਰਵਾਈ ਕਰਦੇ ਹੋਏ **15 ਹੋਰ ਨਸ਼ਾ ਤਸਕਰਾ** ਦੀ ਪ੍ਰਾਪਰਟੀ ਜਬਤ ਕਰਵਾਉਣ ਸਬੰਧੀ ਜਾਬਤੇ ਅਨੁਸਾਰ ਕਾਰਵਾਈ ਕੀਤੀ ਜਾ ਰਹੀ ਹੈ।